## ਰੇਡੀਓ ਲੜੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ

## ਕੜੀ-25, ਅਮਾਨਤ (Custodian )

ਖੋਜ ਬਿਮਨ ਬਾਸੂ; ਲੇਖਣ: ਅਰਵਿੰਦ ਦੂਬੇ

ਲੜੀਵਾਰ ਸੰਯੋਜਕ : ਡਾ. ਬੀ ਕੇ ਤਿਆਗੀ

ਪੰਜਾਬੀ ਰੁਪਾਂਤਰਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

( In this episode we have discussed the issues of diminishing natural resources. We see that in our daily life we need a variety of things which include water, air, plants, petrol for our bike, and food. They also include the house we live in and items of our daily use, which we call resources. Some resources we take from nature and use indiscriminately while others are used to make things we use daily. What we get from nature is called natural resource. But, the irony is that only 20 per cent of the world's rich enjoy 80 per cent of the world's resources and 80 per cent of the world's population who are poor have to manage with only 20 per cent of the resources. Of this, 40 per cent of the poor get only 5 per cent and 20 per cent of the very poor get a share of only 2 per cent. So, population is not the main reason for the scarcity of natural resources, as many of us tend to believe. The story is presented in the formof the radio natak in this episode titled CUTODIANS.)

( ਇਸ ਕੜੀ ਵਿੱਚ ਅਸੀਂ ਚਰਚਾ ਕੀਤੀ ਹੈ ਕੁਦਰਤੀ ਸੰਸਾਧਨਾਂ ਦੇ ਲਗਾਤਾਰ ਘੱਟਦੇ ਜਾਣ ਬਾਬਤ । ਸਾਨੂੰ ਪਤਾ ਹੈ ਕਿ ਜ਼ਿੰਦਗੀ ਜਿਉਣ ਲਈ ਸਾਨੂੰ ਹਰ ਵਕਤ ਬਹੁਤ ਸਾਰੀਆਂ ਵਸਤੂਆਂ ਦੀ ਲੋੜ ਹੁੰਦੀ ਹੈ। ਹਵਾ ਹੋਵੇ, ਪਾਣੀ ਹੋਵੇ, ਪੌਦੇ ਹੋਣ, ਸਾਡੇ ਮੋਟਰਸਾਈਕਲ ਵਿੱਚ ਪੈਣ ਵਾਲਾ ਤੇਲ ਹੋਵੇ ਜਾਂ ਖਾਣ ਦਾ ਸਮਾਨ ਹੋਵੇ। ਰਹਿਣ ਨੂੰ ਘਰ ਹੋਵੇ ਜਾਂ ਰੋਜ਼ਾਨਾ ਵਰਤੀਆਂ ਜਾਣ ਵਾਲੀਆਂ ਵਸਤੂਆਂ ਹੋਣ; ਇਨ੍ਹਾਂ ਸਭ ਨੂੰ ਸੰਸਾਧਨ ਕਿਹਾ ਜਾਂਦਾ ਹੈ। ਕੁਝ ਚੀਜ਼ਾਂ ਤਾਂ ਅਸੀਂ ਕੁਦਰਤ ਤੋਂ ਲੈ ਕੇ ਜਿਉਂ ਦੀਆਂ ਤਿਉਂ ਵਰਤਦੇ ਹਾਂ ਅਤੇ ਕੁਝ ਨੂੰ ਬਦਲ ਕੇ ਰੋਜ਼ਾਨਾ ਵਰਤੋਂ ਦੀਆਂ ਵਸਤੂਆਂ ਬਣਦੀਆਂ ਹਨ। ਕੁਦਰਤ ਤੋਂ ਮਿਲੀਆਂ, ਜ਼ਰੂਰਤ ਦੀਆਂ ਵਸਤੂਆਂ ਨੂੰ ਅਸੀਂ ਕੁਦਰਤੀ ਸੰਸਾਧਨ ਕਹਿੰਦੇ ਹਾਂ। ਦੁੱਖ ਇਸ ਗੱਲ ਦਾ ਹੈ ਕਿ ਇਸ ਸੰਸਾਰ ਦੇ 80% ਸੰਸਾਧਨਾਂ ਦੀ ਵਰਤੋਂ ਤਾਂ ਦੁਨੀਆ ਦੇ ਕੇਵਲ 20% ਅਮੀਰ ਲੋਕ ਹੀ ਕਰ ਰਹੇ ਹਨ ਅਤੇ ਬਚੇ 80% ਗਰੀਬ ਲੋਕਾਂ ਨੂੰ ਤਾਂ ਇਨ੍ਹਾਂ ਸੰਸਾਧਨਾਂ ਦੇ ਕੇਵਲ ਮਾਤਰ 20% ਹਿੱਸੇ ਨਾਲ ਹੀ ਕੰਮ ਚਲਾਉਣਾ ਪੈਂਦਾ ਹੈ। ਇਨ੍ਹਾਂ ਵਿਚੋਂ ਵੀ ਅੱਗੋਂ 40% ਗਰੀਬ ਲੋਕਾਂ ਦੇ ਹਿੱਸੇ ਸਿਰਫ਼ 5% ਸੰਸਾਧਨ ਹੀ ਆਉਂਦੇ ਹਨ। ਐਨਾ ਹੀ ਨਹੀਂ ਸੰਸਾਰ ਦੇ 20% ਅਤਿ ਗਰੀਬ ਲੋਕ ਮਾਤਰ 2% ਸੰਸਾਧਨਾਂ 'ਤੇ ਹੀ ਗੁਜ਼ਾਰਾ ਕਰਦੇ ਹਨ । ਇਨ੍ਹਾਂ ਅੰਕੜਿਆਂ ਤੋਂ ਸਪਸ਼ਟ ਹੈ ਕਿ ਵਧਦੀ ਅਬਾਦੀ ਸੰਸਾਧਨਾਂ ਦੀ ਘਾਟ ਦਾ ਮੁੱਖ ਕਾਰਨ ਨਹੀਂ ਹੈ ਜਿਹੋ ਜਿਹਾ ਕਿ ਸਾਡੇ ਵਿੱਚੋਂ ਬਹੁਤ ਸਾਰੇ ਸੋਚਦੇ ਹਨ ਤੇ ਮੰਨਦੇ ਹਨ।ਇਸ ਕੜੀ"ਅਮਾਨਤ" ਵਿੱਚ ਇਸ ਧਾਰਨਾ ਬਾਬਤ ਨਾਟਕ ਦੇ ਰੂਪ ਵਿੱਚ ਤੱਥ ਪੇਸ਼ ਕੀਤੇ ਹਨ ।)

ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

| | |
|---|---|
| ਮੇਘਾ - | ਬੀ.ਐਸਸੀ. ਦੀ ਵਿਦਿਆਰਥਣ ਸੁਨੀਲ ਦੀ ਪੁਤਰੀ (19-20 ਸਾਲ) |
| ਵਿਵੇਕ- | ਮੇਘਾ ਦਾ ਭਰਾ 10+2 ਦਾ ਵਿਦਿਆਰਥੀ (16-17 ਸਾਲ) |
| ਪਿਤਾ (ਪਾਪਾ, ਸੁਨੀਲ)- | ਮੇਘਾ ਤੇ ਵਿਵੇਕ ਦਾ ਪਿਤਾ / ਪਾਪਾ ( 40-45 ਸਾਲ) |
| ਮਾਂ ( ਸੁਨੀਤਾ) - | ਮੇਘਾ ਤੇ ਵਿਵੇਕ ਦੀ ਮਾਂ (40-55 ਸਾਲ) |

**ਅਰੋੜਾ-** ਉਪ ਵਣ ਸੁਰੱਖਿਅਣ ਅਧਿਕਾਰੀ
**ਮਨੋਜ-** ਤੇਲ ਤੇ ਕੁਦਰਤੀ ਗੈਸ ਕਾਰਪੋਰੇਸ਼ਨ ਦੇ ਉੱਚ ਅਧਿਕਾਰੀ
ਵਿਅਕਤੀ (ਰਾਜੇਸ਼)- ਭੁਗੋਲ ਦੇ ਪ੍ਰੋਫੈਸਰ

## ਸੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ......

(ਸੰਗੀਤ...)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ। ਰੇਡੀਓ ਵਿਗਿਆਨ ਲੜੀਵਾਰ "ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ" ਦੀਆਂ ਚੌਵੀ ਕੜੀਆਂ ਰਾਹੀਂ ਅਸੀਂ ਕਰ ਚੁੱਕੇ ਹਾਂ ਚਰਚਾ, ਸਾਡੇ ਪ੍ਰਚੱਲਤ ਵਿਕਾਸ ਮਾਡਲ ਕਾਰਨ ਪੈਦਾ ਹੋਏ ਖਪਤਵਾਦ ਦੀ ! ਖਪਤ ਸਭਿਆਚਾਰ ਵਾਲੀ ਜੀਵਣ ਸ਼ੈਲੀ ਦੇ ਨਿੱਕਲ ਰਹੇ ਸਿੱਟਿਆਂ ਦੀ, ਉਨ੍ਹਾਂ ਖਤਰਿਆਂ ਦੀ ਜੋ ਦਰਪੇਸ਼ ਨੇ ਸਾਡੇ ਇਸ ਜੈਵਿਕ ਤੇ ਅਜੈਵਿਕ ਸੰਸਾਰ ਨੂੰ, ਧਰਤ ਗ੍ਰਹਿ ਨੂੰ ਅਤੇ ਮਨੁਖਤਾ ਨੂੰ ! ਅੱਜ ਦੀ ਇਸ ਕੜੀ ਵਿੱਚ ਰੂਬਰੂ ਹੋ ਰਹੇ ਹਾਂ ਅਸੀਂ ਸਾਡੇ ਸ੍ਰੋਤਿਆਂ ਦੇ, "ਟਿਕਾਊ ਵਿਕਾਸ" ਦੇ ਇੱਕ ਹੋਰ ਪੱਖ ਨੂੰ ਲੈ ਕੇ ਜਿਸ ਵਿੱਚ ਕਰਾਂਗੇ ਅਸੀਂ ਪੇਸ਼ਕਾਰੀ ਉਨ੍ਹਾਂ ਤੱਥਾਂ ਦੀ ਜੋ ਰੂਪਮਾਨ ਕਰਨਗੇ ਕਹਾਣੀ ਸੰਸਾਧਨਾਂ ਦੀ ਥੁੜ ਦੇ ਕਾਰਨਾਂ ਦੀ । ਇਹ ਕੜੀ ਦੇਵੇਗੀ ਚੁਣੌਤੀ ਸਾਡੀ ਆਮ ਧਾਰਨਾ ਨੂੰ ਵੀ ! ਸੁਣਾਂਗੇ ਤੇ ਸਮਝਾਂਗੇ ਕਿ ਇਸ ਸੰਸਾਰ ਵਿੱਚ ਬਹੁ ਗਿਣਤੀ ਵਸੋਂ ਨੂੰ ਸੰਸਾਧਨਾਂ ਦੀ ਥੁੜ ਵਧਦੀ ਆਬਾਦੀ ਕਰਕੇ ਹੈ ਜਾਂ ਕੋਈ ਹੋਰ ਨੇ ਇਸਦੇ ਕਾਰਨ !

ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "ਚਲਦੀ ਰਹੇ ਇਹ ਜਿੰਦਗੀ" ਦੀ ਅੱਜ ਪੇਸ਼ ਕੀਤੀ ਜਾ ਰਹੀ ਇਸ ਪੰਝੀਵੀਂ ਕੜੀ ਵਿੱਚ ਸੁਆਗਤ ਹੈ ਸਾਡੇ ਸਾਰੇ ਸ੍ਰੋਤਿਆਂ ਦਾ ।ਸਾਰਿਆਂ ਨੂੰ ਸ਼ੁੱਭ ਸਵੇਰ !

**ਮਰਦ ਸੂਤਰਧਾਰ:**ਪਿਛਲੀ ਕੜੀ ਵਿੱਚ ਸੁਣਾਇਆ ਸੀ ਬ੍ਰਿਤਾਂਤ ਤੇ ਸਾਰ ਪਾਣੀ ਦੀ ਥੁੜ ਨਾਲ ਜੁੜੀਆਂ ਸਾਰੀਆਂ ਕੜੀਆਂ ਦਾ!

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ਪਾਣੀ ਦੀ ਘਾਟ ਦੀ , ਨਿੱਤ ਦੀ ਵਰਖਾ ਵਾਲੇ ਜੰਗਲਾਂ ਨਾਲ ਲੱਦੇ ਪਹਾੜੀ ਇਲਾਕਿਆਂ ਵਿੱਚ ਵੀ! ਉਤਰਾਖੰਡ ਤੇ ਹਿਮਾਚਲ ਵਰਗੇ ਇਲਾਕਿਆਂ ਵਿੱਚ ਵੀ ਪੈਦਾ ਹੋ ਰਹੀ ਪਾਣੀ ਦੀ ਕਿਲੱਤ ਦੀ !

**ਮਰਦ ਸੂਤਰਧਾਰ:** ਸੁਣ ਲਈ ਸੀ ਗਾਥਾ ਕਿ ਕਿਵੇਂ ਪੰਜ ਦਰਿਆਵਾਂ ਦੀ ਧਰਤੀ, ਪੰਜਾਬ ਵੀ ਹੋ ਗਿਆ ਮੁਥਾਜ, ਪੀਣ ਦੇ ਪਾਣੀ ਤੋਂ ! ਕਿਵੇਂ ਚਲਿਆ ਗਿਆ ਪਾਣੀ ਪਤਾਲਾਂ ਨੂੰ ! ਉਹੀ ਪਾਣੀ ਮਾਲਕ ਨੇ ਜਿਸਦੇ ਸਾਰੇ ਜੀਵ ਜੰਤੂ, ਪੇੜ ਪੌਦੇ , ਬਨਸਪਤੀਆਂ ਅਤੇ ਅਜੈਵਿਕ ਸੰਸਾਰ ਵੀ ।

**ਔਰਤ ਸੂਤਰਧਾਰ:** ਸੁਣਿਆ ਸੀ ਕਿ ਕਿਵੇਂ ਸ਼ਹਿਰਾਂ ਦੀ ਗੰਦਗੀ, ਕਾਰਖਾਨਿਆਂ ਦਾ ਗੰਦਾ ਪਾਣੀ ਤੇ ਖੇਤੀ ਦੀ ਰਹਿੰਦ ਖੂੰਹਦ ਕਰ ਰਹੀ ਹੈ ਮਲੀਨ ਸਾਡੇ ਦਰਿਆਵਾਂ ਨੂੰ ਵੀ ਤੇ ਧਰਤੀ ਹੇਠਲੇ ਪਾਣੀ ਨੂੰ ਵੀ ।

**ਮਰਦ ਸੂਤਰਧਾਰ:** ਸੁਣਾਈ ਸੀ ਕਹਾਣੀ ਭੂ-ਜਲ ਦੇ ਦੋਹਨ ਦੀ, ਲਿਖੀ ਜਾ ਰਹੀ ਹੈ ਜੋ ਸਾਡੀ ਇਸ ਆਧੁਨਿਕ ਵਿਕਾਸ ਦੀ ਦਿਸ਼ਾ ਦੇ ਰਾਹੀਂ ! ਕਿਵੇਂ ਕੀਤਾ ਜਾਂਦਾ ਹੈ ਬਰਬਾਦ, ਪੀਣ ਯੋਗ ਪਾਣੀ ਕਾਰਾਂ ਧੋਣ 'ਤੇ, ਸਹਿਰੀਆਂ ਵੱਲੋਂ ਪੌਦਿਆਂ ਵਿੱਚ ਪਉਣ 'ਤੇ , ਟਪਕਦੀਆਂ ਟੂਟੀਆਂ ਤੇ ਫਟੇ ਪਾਣੀ ਦੇ ਪਾਈਪਾਂ ਰਾਹੀਂ !

**ਔਰਤ ਸੂਤਰਧਾਰ:** ਕਿਵੇਂ ਹਰੇ ਇਨਕਲਾਬ ਨੇ ਸੂਤ ਲਿਆ ਪਾਣੀ ਧਰਤੀ ਹੇਠਲਾ ਵੀ 15000 ਤੋਂ ਵੱਧ ਚਲਦੇ ਪੰਜਾਬ ਦੀ ਧਰਤੀ ਦੀ ਹਿੱਕ ਵਿੱਚ ਛੇਦ ਕਰਕੇ ਲਗਾਏ ਟਿਊਬਵੈੱਲਾਂ ਦੇ ਰਾਹੀਂ ! ਕਿਵੇਂ ਪੂਰ ਦਿੱਤੇ ਟੋਭੇ ਤੇ ਤਲਾਬ, ਕਿਵੇਂ ਦੇ ਦਿੱਤੀ ਤਿਲਾਂਜਲੀ ਨੌਲੇ ਤੇ ਧਾਰਿਆਂ ਨੂੰ, ਕਿਵੇਂ ਸੁਕਾ ਦਿੱਤੇ ਜੋਹੜ ਤੇ ਬਾਵੜੀਆਂ !

**ਮਰਦ ਸੂਤਰਧਾਰ:** ਸੁਣਾਈ ਸੀ ਕਹਾਣੀ ਕਿ ਕਿਵੇਂ ਜਲ ਪੁਰਸ਼ ਰਜਿੰਦਰ ਸਿੰਘ ਨੇ ਸਾਂਭ ਕੇ ਵਰਖਾ ਦਾ ਜਲ ਮੁੜ ਵਸਾ ਦਿੱਤੇ ਰਾਜਸਥਾਨ ਦੇ ਪਿੰਡ ਤੇ ਕਰ ਦਿੱਤੀ ਨਿਆਇਕ ਵੰਡ ਪਾਣੀ ਦੀ, ਪਾਣੀ ਪੰਚਾਇਤਾਂ ਬਣਾ ਕੇ ।

**ਔਰਤ ਸੂਤਰਧਾਰ:** ਸੁਣ ਲਈ ਸੀ ਕਹਾਣੀ ਤੁਸੀਂ ਗੜਵਾਲ ਦੇ ਲੋਕਾਂ ਵੱਲੋਂ ਵਿੱਢੇ ਚਿਪਕੋ ਅੰਦੋਲਨ ਦੀ ਤੇ ਰੋਕ ਦਿੱਤੇ ਸਨ ਵੱਢਣੇ ਰੁੱਖ ਵੀ !

**ਮਰਦ ਸੂਤਰਧਾਰ:** ਕੀਤੀ ਸੀ ਪੇਸ਼ਕਾਰੀ ਕਿ ਕਿਵੇਂ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਸਫਲ ਕੀਤੀ ਗਈ ਬੇਂਈਂ ਸਾਫ ਕਰਨ ਦੀ ਜਨਤਕ ਮੁਹਿੰਮ ਤੇ ਕਿਵੇਂ ਵਿੱਢੀ ਗਈ ਹੈ ਖਡੂਰ ਸਾਹਿਬ ਵਾਲੇ ਬਾਬੇ ਵੱਲੋਂ ਪੇੜ ਲਗਾਉਣ ਦੀ ਮੁਹਿੰਮ ਵੀ !

**ਔਰਤ ਸੂਤਰਧਾਰ:** ਵਰਖਾ ਦੇ ਪਾਣੀ ਨੂੰ ਸਹੇਜਣ ਅਤੇ ਪਾਣੀ ਦੀ ਬਰਬਾਦੀ ਨੂੰ ਰੋਕਨ ਬਾਬਤ ਵੀ ਹੋਈਆਂ ਸਨ ਪੇਸ਼ਕਾਰੀਆਂ !

**ਮਰਦ ਸੂਤਰਧਾਰ:** ਅੱਜ ਦੀ ਇਸ ਕੜੀ ਵਿੱਚ ਸੁਣਾਵਾਂਗੇ ਅਸੀਂ ਕਹਾਣੀ ਕੁਦਰਤੀ ਸੰਸਾਧਨਾਂ ਦੀ ਕਾਣੀ ਵੰਡ ਦੀ !

**ਔਰਤ ਸੂਤਰਧਾਰ:** ਹਾਂ ਜੀ ਹੋਵੇਗੀ ਚਰਚਾ ਸਾਡੀ ਆਮ ਧਾਰਨਾ ਦੀ ਪਰਖ ਉਪਰ ਵੀ ਕਿ ਕੀ ਸੱਚ ਮੁੱਚ ਹੀ ਵੱਧਦੀ ਆਬਾਦੀ ਹੈ ਸੰਸਾਧਨਾਂ ਦੀ ਥੁੜ ਦਾ ਕਾਰਨ ਜਾ ਬੇਲੋੜਾ ਖਪਤ ਸਭਿਆਚਾਰ ਤੇ ਸੰਸਾਧਨਾਂ ਦੀ ਕਾਣੀ ਵੰਡ !

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਸਾਡੇ ਸ੍ਰੋਤਿਆਂ ਕੋਲ ਪੇਸ਼ ਹੈ, ਵਿਗਿਆਨ ਲੜੀਵਾਰ ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ" ਦੀ ਪੰਝੀਵੀਂ ਕੜੀ ,"**ਅਮਾਨਤ**" ਪੇਸ਼ ਕਰਦੇ ਨੇ ਇਉਂ ਸਾਡੇ ਕਲਾਕਾਰ ! ਸੁਣੋ ਇਨ੍ਹਾਂ ਦੀ ਕਹਾਣੀ ਇਨ੍ਹਾਂ ਦੀ ਆਪਣੀ ਜ਼ੁਬਾਨੀ!

**ਵਿਵੇਕ:** ਅਮਾਨਤ! ਅਮਾਨਤ! ਅਮਾਨਤ! ਅਮਾਨਤ! ਅਮਾਨਤ! ਅਮਾਨਤ!

**ਮੇਘਾ:** ਅਮਾਨਤ! ਅਮਾਨਤ! ਅਮਾਨਤ! ਅਮਾਨਤ! ਅਮਾਨਤ! ਅਮਾਨਤ!

**ਸੁਨੀਲ:** ਕੁਦਰਤੀ ਸੰਸਾਧਨਾਂ ਵਿੱਚ ਜੋ ਹੈ ਹਿੱਸਾ, ਆਉਣ ਵਾਲੀਆਂ ਪੀੜੀਆਂ ਦਾ !

**ਸੁਨੀਤਾ** : ਉਹ ਹੈ ਅਮਾਨਤ ਸਾਡੇ ਕੋਲ !

**ਵਿਵੇਕ:** ਹਾਂ ਅਮਾਨਤ! ਅਮਾਨਤ! ਅਮਾਨਤ! ਅਮਾਨਤ! ਅਮਾਨਤ! ਅਮਾਨਤ!

**ਅਰੋੜਾ** : ਵਰਤੀਏ ਆਪਣਾ ਹਿਸਾ ਵੀ ਸੰਭਲ ਕੇ !

**ਮਨੋਜ:** ਤਾਂ ਜੋ ਹੋ ਨਾ ਜਾਏ ਅਮਾਨਤ ਵਿੱਚ ਖਿਆਨਤ ਅਗਲੀਆਂ ਪੀੜੀਆਂ ਦੇ ਹਿੱਸੇ ਪ੍ਰਤੀ !

**ਮੇਘਾ:** ਅਮਾਨਤ ਵਿੱਚ ਹੋ ਨਾ ਜਾਏ ਖਿਆਨਤ ! ਖਿਆਨਤ! ਖਿਆਨਤ! ਖਿਆਨਤ!

**ਰਾਜੇਸ਼:** ਇਸ ਧਰਤੀ 'ਤੇ ਹਵਾ ਪਾਣੀ ਤੇ ਜੰਗਲ ਨੇ , ਤਾਂ ਹੀ ਤਾਂ ਇਸ ਧਰਤੀ 'ਤੇ ਮੰਗਲ ਨੇ

**ਵਿਵੇਕ:** ਅਮਾਨਤ! ਅਮਾਨਤ! ਅਮਾਨਤ! ਅਮਾਨਤ! ਅਮਾਨਤ! ਅਮਾਨਤ!

**ਪੁਰਸ਼ ਸੂਤਰਧਾਰ:** ਇਸ ਧਰਤੀ ਅੰਦਰ ਸਾਂਭੇ ਨੇ ਖਣਿਜਾਂ ਦੇ ਭੰਡਾਰ

**ਇਸਤਰੀ ਸੂਤਰਧਾਰ** : ਵਰਤੀਏ ਇਨ੍ਹਾਂ ਨੂੰ ਸੰਭਲ ਕੇ , ਨਾ ਕਰੀਏ ਮਾਰੋ ਮਾਰ !

**ਮੇਘਾ:** ਨਾ ਕਰੀਏ ਮਾਰੋ ਮਾਰ ! ਨਾ ਕਰੀਏ ਮਾਰੋ ਮਾਰ !

**ਵਿਵੇਕ:** ਅਮਾਨਤ! ਅਮਾਨਤ! ਅਮਾਨਤ!     ਅਮਾਨਤ! ਅਮਾਨਤ! ਅਮਾਨਤ!

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੱਧਮ ਪੈਂਦਾ ਹੈ)

..................**ਕੜੀ ਦਾ ਸੰਗੀਤ** ............

**ਸਿਰਲੇਖ ਧੁਨੀ (ਸਿਗਨੇਚਰ ਟਿਊਨ)..................................ਮੱਧਮ ਪੈਂਦੀ ਹੈ (ਫੇਡਜ਼ ਆਊਟ)**

**ਦ੍ਰਿਸ਼ -ਪਹਿਲਾ**

**ਸਥਾਨ: ਘਰ ਦੀ ਬੈਠਕ**

**(ਅੱਜ ਐਤਵਾਰ ਹੈ। ਮੇਘਾ, ਵਿਵੇਕ ਅਤੇ ਉਨ੍ਹਾਂ ਦੇ ਪਾਪਾ ਬੈਠਕ ਵਿਚ ਬੈਠੇ ਹਨ ਟੈਲੀਵਿਜ਼ਨ 'ਤੇ ਸਵੇਰ ਦੀਆਂ ਖ਼ਬਰਾਂ ਪ੍ਰਸਾਰਿਤ ਹੋ ਰਹੀਆਂ ਹਨ।)**

**ਐਂਕਰ:** ਅੱਜ ਤੋਂ ਪੈਟਰੋਲ 2 ਰੁ: 70 ਪੈਸੇ ਤੇ ਡੀਜ਼ਲ ਇੱਕ ਰੁ: 96 ਪੈਸੇ ਮਹਿੰਗਾ ਹੋ ਜਾਵੇਗਾ। ਘਰੇਲੂ ਗੈਸ ਸਿੰਲਡਰ ਦੇ ਲਈ ਗਾਹਕਾਂ ਨੂੰ 55 ਰੁ: ਜ਼ਿਆਦਾ ਦੇਣੇ ਹੋਣਗੇ। ਸਰਕਾਰ ਦੇ ਨੁਮਾਇੰਦੇ ਨੇ ਦੱਸਿਆ ਹੈ ਕਿ ਇਹ ਵਾਧਾ ਪੈਟਰੋਲੀਅਮ ਪਦਾਰਥਾਂ ਦੇ ਘਟਦੇ ਉਤਪਾਦਨ ਦੀ ਵਜ੍ਹਾ ਕਾਰਨ ਅੰਤਰਰਾਸ਼ਟਰੀ ਬਜ਼ਾਰ ਵਿਚ ਇਸਦੇ ਮੁੱਲਾਂ ਵਿਚ ਆਏ ਬਦਲਾਵਾਂ ਕਾਰਨ ਕਰਨਾ ਪੈਂਦਾ ਹੈ।

(ਐਂਕਰ ਦੀ ਆਵਾਜ਼ ਪਿੱਠ-ਭੂਮੀ ਵਿਚ ਜਾਂਦੀ ਹੈ। ਉਸ ਤੋਂ ਅੱਗੇ ਦਾ ਵਾਰਤਾਲਾਪ ਉਸ ਉਪਰ ਆ ਜਾਂਦਾ ਹੈ)

**ਵਿਵੇਕ:** ਮੇਘਾ ਦੀਦੀ, ਹੁਣ ਤਾਂ ਆਪਣੀ ਸਕੂਟੀ ਨੂੰ ਲਗਾਉ ਜਿੰਦਾ ਅਤੇ ਗਿਆਰਾਂ ਨੰਬਰ ਦੀ ਬੱਸ ਤੇ ਜਾਉ ਕਾਲਜ।

**ਮੇਘਾ:** 11 ਨੰਬਰ ਦੀ ਬੱਸ ਵਿਵੇਕ ?

**ਵਿਵੇਕ:** ਉਹੀ ਤੁਹਾਡੇ ਦੋ ਪੈਰ....ਛੱਡੋ ਸਕੂਟੀ, ਜਾਓ ਪੈਦਲ! ਜਾ ਦੀਦੀ ਤੁਹਾਡੀ ਪੁਰਾਣੀ ਸਾਈਕਲ ਠੀਕ ਕਰਵਾ ਦਿੰਦਾ ਹਾਂ।

**ਮੇਘਾ:** **(ਗੁੱਸੇ ਵਿੱਚ)** ਮੈਂ ਤਾਂ ਸਕੂਟੀ ਤੇ ਕਾਲਜ ਹੀ ਜਾਂਦੀ ਹਾਂ ਪਰ ਤੂੰ ਤਾਂ ਮੋਟਰਸਾਈਕਲ 'ਤੇ ਅਵਾਰਾਗਰਦੀ ਕਰਦਾ ਰਹਿੰਦਾ ਹੈਂ, ਉਸ ਦਾ ਕੀ?

**ਪਿਤਾ:** **(ਕਮਰੇ ਵਿਚ ਆਉਂਦੇ ਹੋਏ)** ਕੀ ਗੱਲ ਹੈ? ਫਿਰ ਝਗੜਾ, ਤੁਸੀਂ 10 ਮਿੰਟ ਵੀ ਸ਼ਾਂਤੀ ਨਾਲ ਨਹੀਂ ਬੈਠ ਸਕਦੇ ?

**ਮੇਘਾ:** ਪਾਪਾ, ਝਗੜੇ ਦੀ ਜੜ੍ਹ ਹੈ ਵਿਵੇਕ! ਕਹਿੰਦਾ ਸਕੂਟੀ ਬੰਦ; ਕਾਲਜ ਪੈਦਲ ਜਾਉ ਜਾਂ ਫਿਰ ਖਟਾਰਾ ਸਾਈਕਲ ਠੀਕ ਕਰਵਾਉ।

**ਪਾਪਾ:** ਕਿਉਂ! ਅਜਿਹਾ ਕੀ ਹੋ ਗਿਆ ? ਕਿਉਂ, ਵਿਵੇਕ।

**ਵਿਵੇਕ:** ਪਾਪਾ ! ਅੱਜ ਤੋਂ ਪੈਟਰੋਲ, ਡੀਜ਼ਲ ਦੇ ਰੇਟ ਵਧ ਗਏ ਹਨ।

**ਪਾਪਾ:** ਅੱਛਾ ! ਇਸ ਸਾਲ ਤਾਂ ਪੈਟਰੋਲੀਅਮ ਪਦਾਰਥਾਂ ਦੇ ਰੇਟ ਦੂਜੀ ਵਾਰ ਵਧਾ ਦਿੱਤੇ !

**ਵਿਵੇਕ:** ਕਿਤੇ ਪੈਟਰੋਲ ਮਿਲਣਾ ਬੰਦ ਹੀ ਨਾ ਹੋ ਜਾਏ !

**ਪਾਪਾ:** ਹਾਂ ! ਹੋ ਸਕਦਾ ਹੈ ! ਕੁਦਰਤੀ ਸੰਸਾਧਨਾਂ ਦੀ ਚੱਲ ਰਹੀ ਅੰਧਾ-ਧੁੰਦ ਲੁੱਟ ਕਾਰਨ ਤਾਂ ਪੈਟਰੋਲ ਕੀ , ਹੋਰ ਬਹੁਤ ਸਾਰੀਆਂ ਵਸਤਾਂ ਮਿਲਣੀਆਂ ਬੰਦ ਹੋ ਜਾਣਗੀਆਂ।

**ਵਿਵੇਕ:** ਪਾਪਾ ! ਪੈਟਰੋਲ, ਡੀਜ਼ਲ ਦੀ ਗੱਲ ਵਿੱਚ ਕੁਦਰਤੀ ਸੰਸਾਧਨ ਕਿੱਥੋਂ ਆ ਗਏ ?

**ਮੇਘਾ:** ਓ ਬੁਧੂ ! ਐਨਾ ਵੀ ਨਹੀਂ ਪਤਾ?ਕੁਦਰਤ ਤੋਂ ਮਿਲਣ ਵਾਲੇ ਪੈਟਰੋਲ ਵਰਗੇ ਪਦਾਰਥਾਂ ਨੂੰ ਕੁਦਰਤੀ ਸੰਸਾਧਨ ਕਹਿੰਦੇ ਨੇ !

**ਵਿਵੇਕ:** ਤਾਂ ਤੇ ਪਾਣੀ, ਪੌਦੇ, ਧਰਤੀ, ਆਲੂ, ਅੰਡਾ, ਮੱਛੀ ਸਭ ਕੁਝ ਕੁਦਰਤੀ ਸੰਸਾਧਨ ਹੋਏ !

**ਪਾਪਾ:** ਹਾਂ ! ਕੁਦਰਤ ਤੋਂ ਸਿੱਧੇ ਮਿਲਣ ਵਾਲੇ ਸਾਰੇ ਪਦਾਰਥ ਕੁਦਰਤੀ ਸੰਸਾਧਨ ਨੇ ਪਰ , ਕੁਦਰਤ ਵਿਚ ਪਾਈ ਜਾਣ ਵਾਲੀ ਕਿਸੇ ਵਸਤੂ ਦਾ ਕੁਦਰਤੀ ਸੰਸਾਧਨ ਬਣਨਾ ਉਸਦੀ ਵਰਤੋਂ ਲਈ ਤਕਨੀਕ ਦੇ ਵਿਕਾਸ 'ਤੇ ਨਿਰਭਰ ਹੁੰਦਾ ਹੈ।

**ਵਿਵੇਕ:** ਫਿਰ ਤਾਂ ਜੋ ਕੁਝ ਵੀ ਅਸੀਂ ਕੁਦਰਤ ਤੋਂ ਲੈ ਰਹੇ ਹਾਂ, ਉਹ ਸਭ ਕੁਦਰਤੀ ਸੰਸਾਧਨ ਹੋਏ।

**ਪਾਪਾ:** ਹਾਂ, ਕੁਦਰਤੀ ਸੰਸਾਧਨ ਸਜੀਵ ਵੀ ਹੋ ਸਕਦੇ ਹਨ ਤੇ ਨਿਰਜੀਵ ਵੀ। ਫਸਲਾਂ, ਬਨਸਪਤੀਆਂ, ਜੰਗਲੀ ਜਾਨਵਰ, ਚਿੜੀ-ਜਨੌਰ, ਮੱਛੀਆਂ ਆਦਿ ਨੇ ਸਜੀਵ ਸੰਸਾਧਨ।

**ਵਿਵੇਕ:** ਨਵਿਆਉਣਯੋਗ ਸੰਸਾਧਨ ਕੀ ਹੁੰਦੇ ਨੇ ਪਾਪਾ?

**ਮੇਘਾ:** ਓ ਬੇਵਕੂਫ, ਜਿਹੜੇ ਸੰਸਾਧਨ ਵਰਤਨ ਦੇ ਬਾਵਜੂਦ ਸਿਰਜਨ ਜਾ ਪ੍ਰਜਣਨ ਕਰਕੇ ਆਪਣੇ-ਆਪ ਨੂੰ ਨਵੇਂ ਸਿਰਿਓਂ ਬਣਾਉਂਦੇ ਰਹਿਣ ਉਨ੍ਹਾਂ ਨੂੰ ਕਹਿੰਦੇ ਨੇ ਨਵਿਆਉਣਯੋਗ ਸੰਸਾਧਨ ਹਨ।

**ਵਿਵੇਕ:** ਅੱਛਾ ਵਰਤੋਂ ਕਰਨ ‘ਤੇ ਵੀ ਇਹ ਖ਼ਤਮ ਨਹੀਂ ਹੁੰਦੇ, ਨਵੇਂ ਬਣਦੇ ਜਾਂਦੇ ਨੇ !

**ਪਾਪਾ:** ਹਾਂ ! ਜੇਕਰ ਇਨ੍ਹਾਂ ਨੂੰ ਇਕ ਸੀਮਾ ਦੇ ਅੰਦਰ ਹੀ ਵਰਤ ਕੇ, ਆਪਣੇ-ਆਪ ਵਧਣ ਦਾ ਮੌਕਾ ਦਿੱਤਾ ਜਾਵੇ ਤਾਂ ਕਿ ਇਹ ਹੱਦੋਂ ਵੱਧ ਨਾ ਘਟ ਨਾ ਜਾਣ ।

**ਵਿਵੇਕ:** ਉਹ ਕਿਉਂ, ਪਾਪਾ?

**ਪਾਪਾ:** ਸਾਡਾ ਜੀਵਨ ਇਨ੍ਹਾਂ ਕੁਦਰਤੀ ਸੰਸਾਧਨਾਂ ਦੇ ਉੱਪਰ ਹੀ ਤਾਂ ਟਿਕਿਆ ਹੋਇਆ ਹੈ। ਸੋਚੋ, ਜੇ ਬਨਸਪਤੀਆਂ, ਫਸਲਾਂ, ਰੁੱਖ ਖ਼ਤਮ ਹੋ ਜਾਣ ਤਾਂ ਕੀ ਫਿਰ ਮਨੁੱਖ ਬਚ ਸਕੇਗਾ?

**ਵਿਵੇਕ:** ਕੀ ਕੋਲਾ ਅਤੇ ਪੈਟਰੋਲ ਵੀ ਕੁਦਰਤੀ ਸੰਸਾਧਨ ਹਨ ?

**ਮੇਘਾ:** ਵਾਹ! ਸਾਰੀ ਰਮਾਇਣ ਖ਼ਤਮ ਪਰ ਸਮਝ ਅਜੇ ਵੀ ਕੋਰੀ ਦੀ ਕੋਰੀ ! ਮੰਮੀ ਤੈਨੂੰ ਬੇਵਕੂਫ ਐਵੇਂ ਹੀ ਤਾਂ ਨਹੀਂ ਕਹਿੰਦੇ !

**ਪਾਪਾ:** ਨਹੀਂ ਮੇਘਾ, ਉਸ ਨੂੰ ਸਮਝਣ ਦਿਉ। ਵਿਵੇਕ ਬੇਟਾ ! ਕੋਲਾ ਅਤੇ ਪੈਟਰੋਲ ਵੀ ਜੀਉਂਦੇ ਕੁਦਰਤੀ ਸੰਸਾਧਨ ਹੀ ਹਨ; ਪਰ ਨਾ-ਨਵਿਆਉਣਯੋਗ ਨੇ।

**ਵਿਵੇਕ:** ਫਿਰ ਤਾਂ ਇਹ ਖ਼ਰਚ ਹੁੰਦੇ-ਹੁੰਦੇ ਮੁੱਕ ਵੀ ਜਾਣਗੇ ਇੱਕ ਦਿਨ !

**ਪਾਪਾ:** ਹਾਂ ! ਪਰ ਜੇ ਸਾਵਧਾਨੀ ਨਾਲ ਵਰਤਾਂਗੇ ਤਾਂ ਇਹ ਓਨੇ ਹੀ ਜਿਆਦਾ ਦਿਨ ਚੱਲਣਗੇ।

**ਮੇਘਾ:** ਠੀਕ ਹੈ ਪਾਪਾ ! ਪਰ ਇਨ੍ਹਾਂ ਦਾ ਵਿਕਲਪ ਤਾਂ ਲੱਭਣਾ ਹੀ ਪਏਗਾ ?

**ਪਾਪਾ:** ਹਾਂ ! ਹੋ ਸਕਦਾ ਹੈ ਕਿ ਇਹ ਨਵੇਂ ਵਿਕਪਲ ਸਾਡੇ ਜਿਉਂਣ ਦਾ ਤਰੀਕਾ ਹੀ ਬਦਲ ਦੇਣ।

**ਵਿਵੇਕ:** ਉਹ ਕਿਵੇਂ?

**ਪਾਪਾ:** ਕਿਉਂਕਿ ਕੁਦਰਤੀ ਸੰਸਾਧਨਾਂ ਕਾਰਨ ਸਾਡਾ ਸਭਿਆਚਾਰ ਅਤੇ ਸਾਡੀ ਸੋਚ ਬਦਲਦੀ ਰਹਿੰਦੀ ਹੈ ।

**ਮੇਘਾ:** ਤੇ ਸਾਡੇ ਜਿਉਣ ਦਾ ਤਰੀਕਾ ਵੀ ?

**ਪਾਪਾ:** ਹਾਂ ਮੇਘਾ, ਆਧੁਨਿਕ ਵਿਕਾਸ ਮਾਡਲ ਨਾਲ ਉਪਲਬਧ ਕੁਦਰਤੀ ਸੰਸਾਧਨਾਂ ਕਾਰਨ ਪੈਦਾ ਹੋਏ ਬੇਲੋੜੇ ਖਪਤ ਸਭਿਆਚਾਰ ਨੇ ਹੀ ਤਾਂ ਜਨਮ ਦਿੱਤਾ ਹੈ ਸਾਡੀ ਆਧੁਨਿਕ ਜੀਵਣਸ਼ੈਲੀ ਨੂੰ !

**ਵਿਵੇਕ:** ਏਬਾਓਟਿਕ ਕੁਦਰਤੀ ਸੰਸਾਧਨ ਕਿਹੜੇ ਹੁੰਦੇ ਨੇ ?

**ਪਾਪਾ:** ਆਪਣੇ ਨੇੜੇ-ਤੇੜੇ ਦੀ ਜ਼ਮੀਨ, ਪਾਣੀ, ਹਵਾ, ਖਣਿਜ ਆਦਿ ।

**ਮਾਂ:** (ਦੂਰ ਤੋਂ ਆਉਂਦੀ ਆਵਾਜ਼) ਮੇਘਾ, ਵਿਵੇਕ ਕਿੱਥੇ ਹੋ ਤੁਸੀਂ ?

**ਵਿਵੇਕ:** ਡਰਾਇੰਗ ਰੂਮ ਵਿੱਚ !

**ਮਾਂ:** (ਪ੍ਰਵੇਸ਼ ਕਰਦੇ ਹੋਏ, ਦੂਰ ਤੋਂ ਨੇੜੇ ਆਉਂਦੀ ਆਵਾਜ਼) ਓਹ ! ਤਾਂ ਅੱਜ ਤੁਹਾਡੀ ਮਹਿਫਲ ਇਥੇ ਲੱਗੀ ਹੈ.....! ਮੈਂ ਲਭਦੀ ਫਿਰਦੀ ਹਾਂ ਗੈਸ ਫਾਲਤੂ ਜਲ ਰਹੀ ਹੈ । ਅੱਜ ਤੋਂ ਤਾਂ ਰਸੋਈ ਗੈਸ ਮਹਿੰਗੀ ਵੀ ਕਰ ਦਿੱਤੀ ਗਈ ਹੈ ।

**ਪਾਪਾ:** ਅੱਛਾ ! ਕਦੋਂ ਤੋਂ ਹੋ ਗਈ ਮਹਿੰਗੀ ਰਸੋਈ ਗੈਸ ?

**ਮਾਂ:** ਤੁਹਾਨੂੰ ਤਾਂ ਇਨ੍ਹਾਂ ਮਾਮਲਿਆਂ ਦਾ ਪਤਾ ਤਾਂ ਲਗੇ ਜੇ ਕਾਲਜ, ਵਿਦਿਆਰਥੀ ਅਤੇ ਪੜ੍ਹਾਉਣ ਤੋਂ ਵਿਹਲ ਮਿਲੇ !

**ਪਾਪਾ:** (**ਹੱਸਦੇ ਹੋਏ**) ਸ਼ਾਂਤ, ਸ਼ਾਂਤ ਹੋ ਦੇਵੀ। ਗਲਤੀ ਕੀਤੀ ! ਭਰਿੰਡਾਂ ਦੇ ਛੱਤੇ ਨੂੰ ਹੱਥ ਪਾ ਲਿਆ !

**ਮਾਂ:** ਚੰਗਾ! ਮੈਂ ਤਾਂ .. ਮੈਂ ਤਾਂ ਜਿਵੇ ਲੜਨ ਦੇ ਲਈ ਤਿਆਰ ਹੀ ਬੈਠੀ ਰਹਿੰਦੀ ਹਾਂ।

**ਪਾਪਾ:** ਮਾਫ਼ ਕਰਨਾ, ਚਲ ਦੱਸ ਜਰਾ ਕਿ ਕਿੰਨੇ ਪੈਸੇ ਵੱਧ ਗਏ?

**ਮਾਂ:** ਪੂਰੇ ਪੰਜਾਹ ਰੁਪਏ.....

**(ਦਰਵਾਜ਼ੇ ਦੀ ਘੰਟੀ ਵੱਜਦੀ ਹੈ। ਮੇਘਾ ਦਰਵਾਜ਼ਾ ਖੋਲ੍ਹਦੀ ਹੈ।)**

**ਪਾਪਾ:** (**ਹੈਰਾਨੀ ਨਾਲ**) ਵਾਹ ! ਅਰੋੜਾ ਜੀ ਤੁਸੀਂ..... ਆਉ ਬੈਠੋ !

**ਅਰੋੜਾ:** ਸੁਨੀਲ ! ਮੈਂ ਇਥੇ ਉਪ ਵਣ ਸੁਰੱਖਿਅਣ ਅਧਿਕਾਰੀ ਵਜੋਂ ਹਾਜਰ ਹੋਇਆ ਹਾਂ !

**ਸੁਨੀਲ :** ਮੁਬਾਰਕ ! ਇਹ ਮੇਰੀ ਬੇਟੀ ਹੈ ਮੇਘਾ, ਬੀ.ਐਸਸੀ. ਵਿਚ ਹੈ। ਬੇਟਾ ਵਿਵੇਕ, ਪਲੱਸ 2 ਵਿਚ ਪੜ੍ਹਦਾ ਹੈ।

**ਮੇਘਾ, ਵਿਵੇਕ(ਇਕੱਠੇ)** : ਨਮਸਤੇ ਅੰਕਲ।

**ਅਰੋੜਾ:** ਨਮਸਤੇ!

**ਪਾਪਾ:** (**ਹੱਸਕੇ**) ਤੇ ਇਹ......

**ਅਰੋੜਾ:** (**ਗੱਲ ਕੱਟ ਕੇ**) ਭਾਬੀ ਜੀ ਨੂੰ ਕਿਵੇਂ ਭੁੱਲ ਸਕਦਾ ਹਾਂ ? ਨਮਸਤੇ ਭਾਬੀ ਜੀ !

**ਮਾਂ:** ਨਮਸਤੇ! ਭਾਈ ਸਾਹਬ, ਚਾਹ ਲਉ।

**ਪਾਪਾ:** ਲੈ ਅਰੋੜਾ ਚਾਹ ਲੈ..... ਨਾਲੇ ਆਹ ਪਕੌੜੇ ਵੀ।

**ਵਿਵੇਕ:** ਅੰਕਲ, ਕੀ ਤੁਹਾਨੂੰ ਜੰਗਲ ਵਿਚ ਹੀ ਰਹਿਣਾ ਪੈਂਦਾ ਹੈ?

**ਅਰੋੜਾ:** ਜੰਗਲ ਦੇ ਅੰਦਰ ਤਾਂ ਨਹੀਂ ਰਹਿਣਾ ਹੁੰਦਾ, ਪਰ ਕੰਮ ਤਾਂ ਸਾਰਾ ਉਥੇ ਹੀ ਹੁੰਦਾ ਹੈ।

**ਮੇਘਾ:** ਅੰਕਲ ਸਾਨੂੰ ਵੀ ਜੰਗਲ ਵਿਖਾ ਦਿਓ ਕਦੀ !

**ਅਰੋੜਾ :** ਹਾਂ ਬੇਟੀ ਜਰੂਰ! ਜਰਾ ਟਿਕਕੇ, ਮੈਂ ਫੋਨ ਕਰਕੇ ਬੁਲਾਵਾਂਗਾ !

**(ਦ੍ਰਿਸ਼ ਪਰਿਵਰਤਨ ਸੰਗੀਤ ਮੱਧਮ ਪੈਂਦਾ ਹੈ )**

## ਦ੍ਰਿਸ਼:2

**(ਸ਼ੁਰੂਆਤੀ ਸੰਗੀਤ............................................................. ਮੱਧਮ ਪੈਂਦਾ ਹੈ)**

**(ਸਥਾਨ: ਵਿਵੇਕ ਦੇ ਪੜ੍ਹਨ ਦਾ ਕਮਰਾ, ਵਿਵੇਕ ਕੁੱਝ ਯਾਦ ਕਰ ਰਿਹਾ ਹੈ )**

**ਮਾਂ:** (**ਅੰਦਰ ਆਉਂਦੇ ਹੋਏ**) ਓ ਜੀ ਸੁਣਦੇ ਹੋ?

**ਪਾਪਾ:** (**ਵਿਅੰਗ ਨਾਲ**) ਮੇਰੀ ਹਿੰਮਤ ਐ ਨਾਸੁਣਨ ਦੀ ? ਕੀ ਗੱਲ ਐ ?

**ਮਾਂ:** ਦੀਦੀ ਬਿਮਾਰ ਹੈ। ਇਕ ਦਿਨ ਉਨ੍ਹਾਂ ਦਾ ਪਤਾ ਹੀ ਲੈ ਆਈਏ !

**ਮੇਘਾ:** ਉਹ ਤੇਲ ਅਤੇ ਕੁਦਰਤੀ ਗੈਸ ਕਮਿਸ਼ਨ ਵਾਲੇ ?

**ਮਾਂ** : ਹਾਂ ਉਹੀ !

**ਵਿਵੇਕ:** ਤਾਂ ਅਸੀਂ ਵੀ ਨਾਲ ਚੱਲਦੇ ਹਾਂ।

**ਪਾਪਾ:** ਹਾਂ ਚੱਲੋ ! ਅੱਜ ਤਾਂ ਤੁਹਾਨੂੰ ਛੁੱਟੀ ਵੀ ਹੈ।

**(ਦ੍ਰਿਸ਼ ਪਰਿਵਰਤਨ ਸੰਗੀਤ ਮੱਧਮ ਪੈਂਦਾ ਹੈ)**

**ਦ੍ਰਿਸ਼:** 3

**(ਸ਼ੁਰੂਆਤੀ ਸੰਗੀਤ............................................................... ਮੱਧਮ ਪੈਂਦਾ ਹੈ)**

**ਸਥਾਨ: ਓ ਐਨ ਜੀ ਸੀ ਦੇ ਉੱਚ ਅਧਿਕਾਰੀ ਮਨੋਜ ਦਾ ਘਰ**

**(ਪਾਪਾ, ਮਾਂ, ਵਿਵੇਕ ਅਤੇ ਮੇਘਾ ਦਾ ਪ੍ਰਵੇਸ਼)**

ਮਨੋਜ: ਆਉ, ਸੁਨੀਲ, ਆਉ ! ਸੁਨੀਤਾ ਭਾਬੀ ਜੀ ਵੀ.... ਓ ਮੇਘਾ ਤੇ ਵਿਵੇਕ ਤੁਸੀਂ ਵੀ !

**ਸੁਨੀਲ:** ਸਾਡੀ ਕੀ ਮਜਾਲ ! ਮੇਰੇ ਲਈ ਤਾਂ ਬੇਗਮ ਦਾ ਹੁਕਮ ਸਿਰ ਮੱਥੇ........ ਕੰਨ ਫੜ ਕੇ ਜਿਧਰ ਲੈ ਜਾਂਦੀ ਹੈ ਉਧਰ ਚੱਲ ਪੈਂਦਾ ਹਾਂ। 'ਗਲੇ ਹਮਾਰੇ ਜੇਵਰੀ ਜਹਿ ਖਿੰਚੇ ਤਹਿ ਜਾਏ' ।

**ਮਾਂ:** ਨਹੀਂ ਜੀਜਾ ਜੀ ਸੁਣਿਆ ਦੀਦੀ ਬਿਮਾਰ ਨੇ ! ਸੋਚਿਆ, ਉਨ੍ਹਾਂ ਨੂੰ ਮਿਲ ਆਵਾਂ... ਮੈਂ ਜਾਂਦੀ ਹਾਂ ਅੰਦਰ ਦੀਦੀ ਦੇ ਕੋਲ ।

**ਮਨੋਜ:** ਹਾਂ ਸੁਨੀਲ ! ਸੁਣਾ ਕੋਈ ਨਵੀਂ ਤਾਜੀ ?

**ਵਿਵੇਕ:** ਅੰਕਲ ! ਮੇਰੇ ਕੋਲ ਇਕ ਨਵੀਂ ਗੱਲ ਹੈ ।

**ਮਨੋਜ:** (ਹੱਸ ਕੇ) ਦੱਸ ਵਿਵੇਕ ਕੀ ਹੈ ਤੇਰੀ ਨਵੀਂ ਖ਼ਬਰ?

**ਵਿਵੇਕ:** ਪੈਟਰੋਲ ਦੇ ਰੇਟ ਬਹੁਤ ਜਲਦੀ-ਜਲਦੀ ਵਧ ਰਹੇ ਨੇ !

**ਮੇਘਾ** : ਅੰਕਲ ਅੰਤਰ ਰਾਸਟਰੀ ਮੰਡੀ ਵਿੱਚ ਤਾਂ ਕੱਚੇ ਤੇਲ ਦੀਆਂ ਕੀਮਤਾਂ ਡਿਗ ਰਹੀਆਂ ਨੇ !

**ਮਨੋਜ:** ਹਾਂ, ਪਰ ਅੱਜ ਕੱਲ ਤਾਂ ਪੈਟਰੋਲ ਪਦਾਰਥਾਂ ਦੀਆਂ ਕੀਮਤਾਂ ਵਿੱਚ ਨੀਤੀਗਤ ਫੈਸਲਿਆਂ ਦੀ ਵੱਡੀ ਭੂਮਿਕਾ ਹੈ ।

**ਵਿਵੇਕ:** ਅੰਕਲ ! ਇੱਥੇ ਤਾਂ ਪੈਟਰੋਲ ਪਦਾਰਥਾਂ ਦੀ ਖਪਤ ਹੀ ਐਨੀ ਹੈ ਕਿ ਇਨ੍ਹਾਂ ਤੋਂ ਟੈਕਸ ਆਮਦਨ ਤਾਂ ਅਰਬਾਂ ਖਰਬਾਂ ਵਿੱਚ ਹੋ ਜਾਂਦੀ ਹੋਵੇਗੀ ?

**ਮਨੋਜ:** ਹਾਂ ਖਪਤ ਤਾਂ ਬਹੁਤ ਹੈ! ਮਾਰਚ 2014 ਦੇ ਸਰਵੇਖਣ ਅਨੁਸਾਰ ਸੰਸਾਰ ਵਿੱਚ ਕਰੀਬ 9.2 ਕਰੋੜ ਬੈਰਲ ਜਾ 1450 ਕਰੋੜ ਲੀਟਰ ਪੈਟਰੋਲ ਪਦਾਰਥਾਂ ਦੀ ਰੋਜਾਨਾ ਖਪਤ ਸੀ ।

**ਸੁਨੀਲ:** ਸੁਣਿਆ ਐ ਕਿ ਇਸਦਾ ਪੰਜਵਾਂ ਹਿੱਸਾ ਤਾਂ ਇਕੱਲਾ ਅਮਰੀਕਾ ਹੀ ਖਰਚ ਕਰ ਦਿੰਦਾ ਹੈ ਜਦ ਕਿ ਉਸਦੀ ਆਬਾਦੀ ਦੁਨੀਆ ਦਾ ਕੇਵਲ 4.5% ਭਾਵ 22ਵਾਂ ਹਿੱਸਾ ਹੀ ਹੈ। ਚੀਨ ਜਿਸਦੀ ਆਬਾਦੀ ਸੰਸਾਰ ਦਾ ਇੱਕ ਚੌਥਾਈ ਹਿਸਾ ਹੈ ਕਰੀਬ 10% ਪੈਟਰੋਲ ਪਦਾਰਥ ਖਪਤ ਕਰਦਾ ਹੈ ।

**ਮੇਘਾ:** ਹਾਂ ! ਤੀਜਾ ਹਿੱਸਾ ਤਾਂ ਇਕੱਲੇ ਚੀਨ ਤੇ ਅਮਰੀਕਾ ਹੀ ਖਪਾ ਦਿੰਦੇ ਨੇ ! ਆਪਣੀ ਤਰੱਕੀ ਲਈ ਇਹ ਵਿਕਸਿਤ ਦੇਸ਼ ਦੂਸਰਿਆਂ ਦੇ ਹਿੱਸੇ ਦੇ ਸੰਸਾਧਨ ਵੀ ਖਰਚ ਕਰਦੇ ਜਾ ਰਹੇ ਨੇ।

**ਮਨੋਜ:** ਇਸੇ ਕਰਕੇ ਉਹ ਤਾਂ ਪ੍ਰਦੂਸ਼ਣ ਵੀ ਜ਼ਿਆਦਾ ਕਰਦੇ ਹਨ।

**ਵਿਵੇਕ:** ਭਾਰਤ ਵਿਚ ਤੇਲ ਭੰਡਾਰ ਕਿੰਨੇ ਕੁ ਨੇ ?

**ਮਨੋਜ:** ਕਰੀਬ 600 ਕਰੋੜ ਬੈਰਲ ਅਰਥਾਤ 90,000 ਕਰੋੜ ਲੀਟਰ !

**ਸੁਨੀਲ:** ਪੈਟਰੋਲ ਦਾ ਉਤਪਾਦਨ 4 ਤੋਂ 6% ਸਾਲਨਾ ਘਟ ਰਿਹਾ ਹੈ ਪਰ ਇਸਦੀ ਮੰਗ ਪਿਛਲੇ ਪੰਜ ਸਾਲਾਂ ਵਿਚ ਲਗਭਗ ਦੁਗਣੀ ਹੋ ਗਈ ।

**ਮਨੋਜ :** ਪਹਿਲਾਂ ਕੀਮਤਾਂ ਵਧਣਗੀਆਂ ਤੇ ਫਿਰ ਤੇਲ ਦੇ ਲਈ ਝਗੜੇ ਤੇ ਯੁੱਧ ਹੋਣ ਦਾ ਸਮਾ ਆ ਸਕਦਾ ਹੈ !

**ਸੁਨੀਲ:** ਹਾਂ ! ਬਚਾਓ ਦਾ ਬੱਸ ਇੱਕ ਹੀ ਉਪਾਅ ਹੈ ਕਿ ਉਪਲਬਧ ਭੰਡਾਰਾਂ ਨੂੰ ਸਮਝ ਨਾਲ ਵਰਤਿਆ ਜਾਵੇ !

**(ਸੁਨੀਤਾ ਦਾ ਪ੍ਰਵੇਸ਼)**

**ਸੁਨੀਤਾ:** (ਦੂਰੋਂ ਨੇੜੇ ਆਉਂਦੀ ਆਵਾਜ਼) ਅੱਛਾ ! ਹੁਣ ਤੱਕ ਬਹਿਸ ਹੀ ਚੱਲ ਰਹੀ ਹੈ ?

**ਮੇਘਾ:** ਵਿਸ਼ਾ ਹੀ ਬਹੁਤ ਅਹਿਮ ਹੈ ।

**ਸੁਨੀਤਾ:** ਅੱਛਾ! ਕਿਹੜਾ ਵਿਸ਼ਾ ? ਮੈਂ ਵੀ ਤਾਂ ਸੁਣਾ।

**ਵਿਵੇਕ:** ਕਿ ਜਲਦੀ ਹੀ ਪੈਟਰੋਲ , ਤੇਲ ਤੇ ਗੈਸ ਦੇ ਭੰਡਾਰ ਖ਼ਤਮ ਹੋਣ ਵਾਲੇ ਹਨ !

**ਮਨੋਜ:** ਮਾਰਚ, 2016 ਤੱਕ ਦੇ ਅੰਕੜਿਆਂ ਅਨੁਸਾਰ ਭਾਰਤ ਕੋਲੇ ਗੈਸ ਦੇ ਭੰਡਾਰ ਲਗਭਗ 4,22,000 ਘਣ ਮੀਟਰ ਹਨ, ਜੋ ਅੱਜ ਦੀ ਖਪਤ ਮੁਤਾਬਕ ਪੰਜਾਹ ਸਾਲ ਮੁਸ਼ਕਲ ਨਾਲ ਚੱਲਣਗੇ !

**ਸੁਨੀਤਾ:** ਤੁਸੀਂ ਤਾਂ ਡਰਾ ਰਹੇ ਹੋ !

**ਮਨੋਜ:** ਡਰਾ ਨਹੀਂ ਰਿਹਾ ਭਾਬੀ, ਹਕੀਕਤ ਹੈ ! ਅਸੀਂ ਸਾਲਾਨਾ ਕਰੀਬ 105 ਲੱਖ ਮੀਟ੍ਰਿਕ ਟਨ ਰਸੋਈ ਗੈਸ ਪੈਦਾ ਕਰਦੇ ਹਾਂ ਤੇ ਖਪਤ ਹੈ 185 ਲੱਖ ਮੀਟ੍ਰਿਕ ਟਨ ।

**ਸੁਨੀਲ:** ਹਾਂ 80 ਲੱਖ ਮੀਟ੍ਰਿਕ ਟਨ ਐਲ.ਪੀ.ਜੀ. ਸਾਨੂੰ ਬਹਰੋਂ ਮੰਗਵਾਉਣੀ ( ਦਰਾਮਦ ਕਰਨੀ ) ਪੈਂਦੀ ਹੈ।

**ਮਨੋਜ:** ਸਾਲ 2015 ਦੇ ਅੰਕੜਿਆਂ ਅਨੁਸਾਰ ਸੰਸਾਰ ਵਿੱਚ ਕੋਲੇ ਦੇ ਕਰੀਬ 89,100 ਕਰੋੜ ਟਨ ਭੰਡਾਰਾਂ ਵਿੱਚੋਂ ਲਗਭਗ 792.5 ਕਰੋੜ ਟਨ ਕੋਲਾ ਸਾਲਾਨਾ ਕੱਢ ਲਿਆ ਜਾਂਦਾ ਹੈ।

**ਵਿਵੇਕ:** ਇਸ ਦਰ ਨਾਲ ਵੀ ਕੋਲੇ ਦੇ ਇਹ ਭੰਡਾਰ ਤਾਂ ਲਗਭਗ 113 ਸਾਲ ਤੱਕ ਹੀ ਚੱਲ ਸਕਦੇ ਨੇ !

**ਸੁਨੀਲ:** ਦੁਨੀਆ ਵਿਚ 41% ਊਰਜਾ ਤਾਂ ਕੋਲੇ ਦੀ ਵਰਤੋਂ ਨਾਲ ਪੈਦਾ ਕੀਤੀ ਜਾਂਦੀ ਹੈ।

**ਮੇਘਾ:** ਤੇ ਭਾਰਤ ਵਿਚ?

**ਮਨੋਜ:** ਭਾਰਤ ਦੇ ਕੋਲੇ ਦੇ ਭੰਡਾਰ ਕਰੀਬ 6000 ਕਰੋੜ ਟਨ ਨੇ ! ਲਗਭਗ 66.8 ਕਰੋੜ ਟਨ ਕੋਲਾ ਸਾਲਾਨਾ ਕੱਢਿਆ ਜਾਂਦਾ ਹੈ । ਕੋਲਾ ਕੱਢਣ ਵਿੱਚ ਸੰਸਾਰ ਵਿੱਚ ਇਸਦਾ ਤੀਜਾ ਸਥਾਨ ਹੈ ।

**ਸੁਨੀਲ :** ਵਿਸ਼ਵ ਵਿਚ ਤਾਂ ਕੋਲੇ ਦਾ ਉਤਪਾਦਨ ਘੱਟ ਰਿਹਾ ਹੈ ਪਰ ਭਾਰਤ ਵਿਚ ਲਗਾਤਰ ਵਧ ਰਿਹਾ ਹੈ। ਸੰਨ 2016 ਵਿਚ ਪਿਛਲੇ ਸਾਲ ਨਾਲੋਂ ਡੇਢ ਗੁਣਾ ਕੋਲਾ ਕੱਢਿਆ ਗਿਆ।

**ਮਨੋਜ:** ਹਾਂ! ਪਿੰਡ-ਪਿੰਡ ਬਿਜਲੀ ਪਹੁੰਚਾਉਣ ਦੀ ਨੀਤੀ ਕਾਰਨ ਕੋਲੇ ਦੀ ਜ਼ਰੂਰਤ ਤਾਂ ਹਰ ਸਾਲ ਵਧੇਗੀ ।

**ਸੁਨੀਲ:** ਸੰਨ 2060 ਤੱਕ ਕੋਲੇ ਦੇ ਭੰਡਾਰ ਐਨੇ ਘੱਟ ਜਾਣਗੇ ਕਿ ਕੋਲਾ ਕੱਢਣ ਦੀ ਮਾਤਰਾ ਬੇਹੱਦ ਥੱਲੇ ਚਲੀ ਜਾਵੇਗੀ !

**ਸੁਨੀਤਾ:** ਗੈਸ ਤੇ ਕੋਲਾ ਖ਼ਤਮ ! ਇਕ ਵਾਰ ਮੁੜ ਲੱਕੜਾਂ, ਪਾਥੀਆਂ 'ਤੇ ਖਾਣਾ ਬਣਾਉਣ ਦੀ ਆ ਜਾਏਗੀ ਨੌਬਤ ?

**ਮਨੋਜ:** ਨਹੀਂ ਜੀ! ਅਸੀਂ ਊਰਜਾ ਦੇ ਨਵੇਂ ਸੰਸਾਧਨ ਖੋਜ ਲਵਾਂਗੇ। ਪਰ ਉਪਲਬਧ ਸੰਸਾਧਨਾਂ ਨੂੰ ਵੀ ਸੰਜਮ ਤੇ ਸਮਝਦਾਰੀ ਨਾਲ ਹੀ ਵਰਤਣਾ ਚਾਹੀਦਾ ਹੈ ।

**ਮੇਘਾ:** ਨਹੀਂ ਤਾਂ ਘੁੱਪ ਹਨੇਰਾ ! ਕੱਚਾ ਭੋਜਨ ਤੇ ਆਦਿ ਕਾਲ ਵੱਲ ਮੁੜ ਫੇਰਾ !

(ਸਾਰੇ ਹੱਸਦੇ ਹਨ।)

**(ਦ੍ਰਿਸ਼ ਪਰਿਵਰਤਨ ਸੰਗੀਤ ਮੱਧਮ ਪੈਂਦਾ ਹੈ)**

**ਦ੍ਰਿਸ਼: 4**

**(ਸ਼ੁਰੂਆਤੀ ਸੰਗੀਤ.......................................................... ਮੱਧਮ ਪੈਂਦਾ ਹੈ)**

**ਸਥਾਨ: ਮੇਘਾ, ਵਿਵੇਕ ਦਾ ਘਰ**

**(ਬਾਹਰੋਂ ਦਰਵਾਜ਼ੇ ਦੀ ਘੰਟੀ ਵੱਜਦੀ ਹੈ।)**

**ਸੁਨੀਤਾ:** ਮੇਘਾ, ਲੱਗਦੈ, ਤੁਹਾਡੇ ਪਾਪਾ ਆ ਗਏ ਨੇ।

**ਮੇਘਾ:** ਵਿਵੇਕ ! ਜਾਹ, ਦਰਵਾਜ਼ਾ ਖੋਲ੍ਹ ।

**(ਦਰਵਾਜ਼ਾ ਖੁੱਲ੍ਹਣ ਦੀ ਆਵਾਜ਼, ਇਕ ਵਿਅਕਤੀ ਦੇ ਪੈਰਾਂ ਦੀ ਆਵਾਜ਼)**

**ਪਾਪਾ:** ਅਰੋੜਾ ਦਾ ਸੰਦੇਸ਼ ਆਇਆ ਹੈ , ਸਾਨੂੰ ਸਾਰਿਆਂ ਨੂੰ ਬੁਲਾਇਆ ਹੈ। ਦੱਸਿਆ ਹੈ ਕਿ ਨਵੰਬਰ ਦਾ ਮਹੀਨਾ ਦੂਧਵਾ ਪਾਰਕ ਦੀ ਯਾਤਰਾ ਵਾਸਤੇ ਠੀਕ ਹੈ ।

**ਵਿਵੇਕ, ਮੇਘਾ: (ਇਕੱਠੇ)** ਵਾਹ ! ਹੁਣ ਤਾਂ ਦੂਧਵਾ ਨੈਸ਼ਨਲ ਪਾਰਕ ਜਾਵਾਂਗੇ , ਨੱਚਾਂਗੇ ਟੱਪਾਂਗੇ ਤੇ ਗਾਵਾਂਗੇ , ਵਕਤ ਜਾਨਵਰਾਂ ਸੰਗ ਬਿਤਾਵਾਂਗੇ !

**ਪਾਪਾ:** ਠੀਕ ਹੈ, ਦੱਸ ਦਿੰਦੇ ਹਾਂ ! ਐਤਵਾਰ ਨੂੰ ਚੱਲਾਂਗੇ।

**(ਦ੍ਰਿਸ਼ ਪਰਿਵਰਤਨ ਸੰਗੀਤ ਮੱਧਮ ਪੈਂਦਾ ਹੈ)**

**ਦ੍ਰਿਸ਼: 5**

**(ਸ਼ੁਰੂਆਤੀ ਸੰਗੀਤ.......................................................... ਮੱਧਮ ਪੈਂਦਾ ਹੈ)**

**ਸਥਾਨ: ਦੂਧਵਾ ਨੈਸ਼ਨਲ ਪਾਰਕ ਵਿਚ ਅਰੋੜਾ ਦਾ ਦਫ਼ਤਰ।**

**(ਜੀਪ ਰੁਕਦੀ ਹੈ, ਦਰਵਾਜ਼ਾ ਖੁੱਲ੍ਹਣ ਦੀ ਆਵਾਜ਼।ਜੰਗਲ ਵਿਚ ਹੋਣ ਦਾ ਧੁਨੀ ਪ੍ਰਭਾਵ !)**

**ਅਰੋੜਾ:** ਆਉ ਸੁਨੀਲ, ਆਉ....... ਜੀ ਆਇਆਂ ਨੂੰ..... ਸਾਰਿਆਂ ਦਾ ਸਵਾਗਤ ਹੈ !

**ਮੇਘਾ, ਵਿਵੇਕ:** ਨਮਸਤੇ ਅੰਕਲ !

**ਅਰੋੜਾ:** ਨਮਸਤੇ ਬੱਚਿਓ ! ਆਉ ਭਾਬੀ ਜੀ... ਵਿਵੇਕ ! ਬੈਗ ਉਥੇ ਹੀ ਰਹਿਣ ਦਿਉ। ਮੈਂ ਚੁਕਵਾ ਲਵਾਂਗਾ !

**ਵਿਵੇਕ:** ਅੰਕਲ, ਜੰਗਲ ਦਾ ਮਾਹੌਲ ਕਿੰਨਾ ਚੰਗਾ ਲੱਗਦਾ ਹੈ !

**ਮੇਘਾ:** ਵਿਵੇਕ ! ਜੰਗਲ ਕੇਵਲ ਚੰਗਾ ਲੱਗਣ ਲਈ ਹੀ ਨਹੀਂ , ਸਾਡੀ ਜ਼ਿੰਦਗੀ ਲਈ ਵੀ ਬਹੁਤ ਜ਼ਰੂਰੀ ਹੈ।ਜੀਵਣ ਦੇ ਸੰਤੁਲਣ ਵਾਸਤੇ ਧਰਤੀ ਦੇ 30% ਤੋਂ ਜ਼ਿਆਦਾ ਹਿੱਸੇ ਵਿਚ ਜੰਗਲ ਜਰੂਰੀ ਨੇ !

**ਅਰੋੜਾ**: ਹਾਂ ! ਧਰਤੀ 'ਤੇ 390 ਲੱਖ ਵਰਗ ਕਿ.ਮੀ. ਵਿਚ ਜੰਗਲ ਫੈਲੇ ਹੋਏ ਹਨ।ਮੋਜ਼ਾਮਬੀਕ, ਜ਼ਿੰਮਬਾਵੇ, ਸਵੀਡਨ, ਗਿਆਨਾ ਵਰਗੇ ਦੇਸਾਂ ਦਾ 75% ਰੁੱਖਾਂ ਨਾਲ ਢੱਕਿਆ ਹੈ। ਗੋਵੋਨ ਦਾ 85% ਹਿੱਸਾ ਜੰਗਲ ਹਨ !

**ਸੁਨੀਲ**: ਪਰ ਮਾਲਟਾ, ਬਹਿਰੀਨ, ਲੀਬੀਆ, ਅਰਬ ਵਰਗੇ ਦੇਸ਼ਾਂ ਵਿੱਚ ਜੰਗਲ ਅੱਧਾ ਪ੍ਰਤੀਸ਼ਤ ਵੀ ਨਹੀਂ ਜਦਕਿ ਕਤਰ ਵਿਚ ਜੰਗਲ ਹੈ ਹੀ ਨਹੀਂ ।

**ਅਰੋੜਾ**: ਹਾਂ ! ਕਤਰ ਵਿੱਚ ਅੱਠ ਵਰਗ ਕਿਲੋਮੀਟਰ ਖੇਤਰ ਵਿਚ ਇਕ ਬਣਾਉਟੀ ਜੰਗਲ ਤਿਆਰ ਕੀਤਾ ਜਾ ਰਿਹਾ ਹੈ। ਇਥੇ 28 ਪ੍ਰਜਾਤੀਆਂ ਦੇ ਕਰੀਬ 95,000 ਪੌਦੇ ਲਗਾਏ ਜਾਣਗੇ ਜਿਹੜੇ ਇਥੋਂ ਦੀ ਖੁਸ਼ਕ ਜਲਵਾਯੂ ਨੂੰ ਸੰਵਾਰਨ ਦਾ ਕੰਮ ਕਰਨਗੇ।

**ਮੇਘਾ**: ਪਰ ਅੰਕਲ ਸਾਡਾ ਦੇਸ਼ ਤਾਂ ਰੁੱਖਾਂ ਦੀ ਅੰਧਾ ਧੁੰਦ ਕਟਾਈ ਕਰਕੇ ਜੰਗਲਾਂ ਦਾ ਸਫਾਇਆ ਹੀ ਕਰੀ ਜਾ ਰਿਹਾ ਹੈ।

**ਅਰੋੜਾ**: ਹਾਂ, 1990 ਤੋਂ 2005 ਤੱਕ 10% ਜੰਗਲਾਂ ਦਾ ਸਫ਼ਾਇਆ ਕਰ ਦਿੱਤਾ ਗਿਆ ਹੈ। ਅਗਲੇ 100 ਸਾਲਾਂ ਵਿਚ ਪ੍ਰਸਿੱਧ ਵਰਖਾ ਜੰਗਲਾਂ ਦਾ ਨਾਮੋ-ਨਿਸ਼ਾਨ ਹੀ ਮਿਟ ਜਾਵੇਗਾ।

**ਅਰੋੜਾ**: 2012 ਦੇ ਸਰਵੇਖਣ ਅਨੁਸਾਰ ਭਾਰਤ ਦਾ 1/4 ਹਿੱਸਾ ਵਣ ਖੇਤਰ ਹੈ । ਇਸ 7.5 ਲੱਖ ਵਰਗ ਕਿਲੋਮੀਟਰ ਵਿੱਚ ਅਰੁਨਾਚਲ ਪ੍ਰਦੇਸ਼ ਵਿਚ 80%, ਅੰਡੇਮਾਨ ਨਿਕੋਬਾਰ ਵਿਚ 87% ਵਣ ਖੇਤਰ ਹੈ ਜਦ ਕਿ ਰਾਜਸਥਾਨ ਵਿਚ ਕੇਵਲ 5% ਹੀ ਹੈ।

**ਅਰੋੜਾ**: ਉੱਤਰ ਪ੍ਰਦੇਸ਼, ਹਰਿਆਣਾ, ਪੰਜਾਬ ਵਰਗੇ ਰਾਜਾਂ ਵਿੱਚ ਵਣ ਖੇਤਰ 3.5 ਤੋਂ 5% ਤੱਕ ਹੀ ਹੈ। ਸਭ ਤੋਂ ਬੁਰਾ ਹਾਲ ਤਾਂ ਪੰਜਾਬ ਦਾ ਹੈ ਜਿਥੇ ਵਣ ਖੇਤਰ ਕੇਵਲ 3% ਹੀ ਹੈ। ਜਾਣਦੇ ਹੋ ਕਿਉਂ?

**ਮੇਘਾ**: ਪਹਿਲਾਂ ਦੇਸ ਨੂੰ ਅੰਨ ਦੇਣ ਵਾਸਤੇ ਜੰਗਲ ਬੇਲੇ ਕਰ ਦਿੱਤ ਖਤਮ ! ਬਚੇ ਖੁਚੇ ਚੜ੍ਹ ਗਏ ਭੇਟ ਚੌੜੀਆਂ ਸੜਕਾਂ ਤੇ ਵੱਡੇ ਵੱਡੇ ਪੁਲਾਂ ਦੀ ।

**ਅਰੋੜਾ**: ਹਾਂ, ਅਸੀਂ ਸਾਲਾਨਾ 15 ਲੱਖ ਹੈਕਟੇਅਰ ਵਣ ਵੱਢ ਦਿੰਦੇ ਹਾਂ । ਨਤੀਜਾ ! ਵਾਤਾਵਰਣ ਗਰਮ , ਵਰਖਾ ਘੱਟ , ਜੰਗਲੀ ਪਸ਼ੂ-ਪੰਛੀਆਂ ਦੀਆਂ ਪ੍ਰਜਾਤੀਆਂ ਦਾ ਅਲੋਪਣ !

**ਮੇਘਾ** : ਜੰਗਲੀ ਜੰਤੂਆਂ ਦੀਆਂ ਦਸ ਲੱਖ ਤੋਂ ਜ਼ਿਆਦਾ ਪ੍ਰਜਾਤੀਆਂ ਵਿਚੋਂ ਲਗਭਗ 75000 ਪ੍ਰਜਾਤੀਆਂ ਤਾਂ ਮਿਲਦੀਆਂ ਨੇ ਭਾਰਤ ਵਿਚ ! ਪੰਛੀਆਂ ਦੀਆਂ ਪ੍ਰਜਾਤੀਆਂ ਨੇ ਇਥੇ 1,300 ਦੇ ਕਰੀਬ।

**ਅਰੋੜਾ**: ਸਾਲ 2014 ਦਾ ਸਰਵੇਖਣ ਹੈ ਕਿ 1970 ਤੋਂ 2014 ਤੱਕ ਸੰਸਾਰ ਵਿਚ ਜੰਗਲੀ ਪ੍ਰਜਾਤੀਆਂ 52% ਘਟ ਗਈਆਂ। ਅੰਤਰਰਾਸ਼ਟਰੀ ਕੁਦਰਤੀ ਸੁਰੱਖਿਅਣ ਸੰਗਠਨ ਮੁਤਾਬਕ ਭਾਰਤ ਵਿਚ ਜੰਗਲੀ ਜੀਵ-ਜੰਤੂਆਂ ਦੀਆਂ 172 ਪ੍ਰਜਾਤੀਆਂ ਅਲੋਪਣ ਕਿਨਾਰੇ ਹਨ !

**ਮੇਘਾ** : ਇਨ੍ਹਾਂ ਵਿੱਚ ਨੇ ਏਸ਼ੀਅਨ ਹਾਥੀ, ਇੱਕ ਸਿੰਗਾ ਭਾਰਤੀ ਗੈਂਡਾ, ਚੀਤਾ, ਬੰਗਾਲ ਟਾਈਗਰ, ਚੀਲ.......

**ਸੁਨੀਤਾ**: ਕੁਝ ਪੌਦੇ ਤੇ ਬਨਸਪਤੀਆਂ ਵੀ ਤਾਂ ਲੁਪਤ ਹੋਣ ਵਾਲੀਆਂ ਹਨ !

**ਸੁਨੀਲ**: ਤਾਂਹੀਂ ਤਾਂ 120 ਤੋਂ ਜ਼ਿਆਦਾ ਰਾਸ਼ਟਰੀ ਬਾਗ਼, 18 ਜੈਵ ਸੁਰੱਖਿਅਣ ਰੱਖਾਂ ਤੇ 537 ਜੰਗਲੀ ਰੱਖਾਂ ਸਥਾਪਤ ਕੀਤੀਆਂ ਗਈਆਂ ਹਨ !

**ਅਰੋੜਾ**: ਚਲੋ ਨਾਸ਼ਤਾ ਕਰਕੇ ਹੋ ਜਾਓ ਤਾਜਾਦਮ ਤੇ ਚੱਲੀਏ, ਦੂਧਵਾ ਨੈਸ਼ਨਲ ਪਾਰਕ ਦੀ ਸੈਰ ਨੂੰ !

**(ਦ੍ਰਿਸ਼ ਪਰਿਵਰਤਨ ਸੰਗੀਤ ਮੱਧਮ ਪੈਂਦਾ ਹੈ)**

**ਦ੍ਰਿਸ਼: 6**

**(ਸ਼ੁਰੂਆਤੀ ਸੰਗੀਤ.......................................................... ਮੱਧਮ ਪੈਂਦਾ ਹੈ)**

**ਸਥਾਨ : ਦੂਧਵਾ ਨੈਸ਼ਨਲ ਪਾਰਕ**

**( ਪਾਰਕ ਵਿੱਚ ਘੁੰਮਦੇ ਹੋਏ ਕੁਦਰਤੀ ਨਜ਼ਾਰੇ ਵੇਖਦੇ ਹੋਏ ਚਰਚਾ ਕਰ ਰਹੇ ਹਨ)**

**ਵਿਵੇਕ** : ਅੰਕਲ ਇਹ ਪਾਰਕ ਤਾਂ ਬਹੁਤ ਵੱਡਾ ਲੱਗਦਾ ਹੈ !

**ਅਰੋੜਾ**: ਹਾਂ ! ਭਾਰਤ ਨੇਪਾਲ ਸਰਹੱਦ ‘ਤੇ ਉਤਰ ਪ੍ਰਦੇਸ ਦੇ ਲੱਖਮੀਪੁਰ ਖੇੜੀ ਜਿਲ੍ਹੇ ਦਾ 1977 ਵਿੱਚ ਸਥਾਪਤ ਇਹ ਰਾਸਟਰੀ ਪਾਰਕ 490.3 ਵਰਗ ਕਿਲੋਮੀਟਰ ਵਿੱਚ ਫੈਲਿਆ ਹੈ ।

**ਮੇਘਾ** : ਅੰਕਲ ਇਹ ਸਾਰਾ ਜੰਗਲੀ ਜਾਨਵਰਾਂ ਨਾਲ ਹੀ ਭਰਿਆ ਹੈ ?

**ਅਰੋੜਾ**: ਹਾਂ ਮੇਘਾ ! ਪਰ ਇਸਦੇ ਉਤਰੀ ਤੇ ਦੱਖਣੀ ਹਿਸੇ ਵਿੱਚ 190 ਵਰਗ ਕਿਲੋਮੀਟਰ ਸੁਰੱਖਿਅਤ ਜੰਗਲ ਵੀ ਹੈ ।

**ਵਿਵੇਕ** : ਅੰਕਲ ! ਇਸ ਪਾਰਕ ਵਿੱਚ ਮੁੱਖ ਜਾਨਵਰ ਕਿਹੜੇ ਹਨ ?

**ਅਰੋੜਾ**: ਵਿਵੇਕ ! ਦਰਅਸਲ 1987 ਤੋਂ ਇਸ ਪਾਰਕ ਨੂੰ ਮੁੱਖ ਤੌਰ ਤੇ ਚੀਤਾ ਰੱਖ ਬਣਾ ਦਿੱਤਾ ਗਿਆ ਹੈ। ਇਸ ਵਿੱਚ ਕਿਸ਼ਨਪੁਰ ਵਣ-ਜੀਵ ਰੱਖ ਤੇ ਕਤਰਨੀਆ ਘਾਟ ਵਣ-ਜੀਵ ਰੱਖ ਸ਼ਾਮਲ ਨੇ ।ਹੋਰ ਜਾਨਵਰ ਨੇ ਬਾਰਾ ਸਿੰਗਾ , ਭਾਰਤੀ ਗੈਂਡਾ, ਚਿਤਕਬਰਾ ਹਿਰਨ , ਰਿੱਛ, ਗਿਦੜ, ਤਰ੍ਹਾਂ ਤਰ੍ਹਾਂ ਦੇ ਸ਼ੇਰ, ਬਾਘ ਤੇ ਚੀਤੇ ।

**ਸੁਨੀਲ**: ਪੰਛੀ ਕਿਹੜੇ ਨੇ ?

**ਅਰੋੜਾ**: ਤਿਲੀਅਰ, ਚੱਕੀਰਾਹੇ, ਉਲੂ, ਬੁਲਬੁਲਾਂ, ਬੱਤਖਾਂ, ਬਗੁਲੇ ਤੇ ਹੋਰ ਕਈ ਭਾਂਤ ਦੇ ਪੰਛੀ ਹਨ ।

**ਮੇਘਾ** : ਅੰਕਲ ! ਇਸਦਾ ਇਤਿਹਾਸ ਕੀ ਹੈ ?

**ਅਰੋੜਾ**: ਇਹ ਪਾਰਕ ਪਹਿਲਾਂ ਪਹਿਲ 1958 ਵਿੱਚ ਬਾਰਾਂਸਿੰਗਿਆਂ ਜਾ ਸਵੈਂਪ ਡੀਅਰ ਵਾਸਤੇ ਸਥਾਪਤ ਕੀਤਾ ਗਿਆ ਸੀ । ਤਰਾਈ ਪਰਿਆਵਰਣੀ ਪ੍ਰਣਾਲੀ ਦਾ ਇਹ ਬਚਿਆ ਆਖਰੀ ਮਹੱਤਵਪੂਰਨ ਭਾਗ ਹੈ । ਆਹ, ਸਾਲ ਦੇ ਰੁੱਖ ਇਸਦੀ ਮੁੱਖ ਵਨਸਪਤੀ ਹਨ ।

**ਵਿਵੇਕ** : ਅੰਕਲ ! ਹੋਰ ਕਿਹੜੀਆਂ ਵਨਸਪਤੀਆਂ ਨੇ ?

**ਅਰੋੜਾ**: ਜਾਮੁਨ, ਟਾਹਲੀ ਬਹੇੜਾ, ਗੁਲਾਰ, ਆਸਨਾ ਤੇ ਹੋਰ ਰੁੱਖ ਵੀ ਹਨ । ਤੀਜਾ ਹਿਸਾ ਘਾਹ ਨਾਲ ਢੱਕਿਆ ਹੈ ।

**ਮੇਘਾ** : ਅੰਕਲ ! ਆਹ ਨਦੀ ਨਾਲੇ ਵੀ ਨੇ ਇਸ ਵਿੱਚ ਤਾਂ !

**ਅਰੋੜਾ**: ਹਾਂ ! ਇਹ ਕੁਦਰਤੀ ਪ੍ਰਸਥਿਤੀ ਤੰਤਰ ਦਾ ਹੀ ਹਿੱਸਾ ਨੇ ! ਇਨ੍ਹਾਂ ਵਿੱਚ ਜਲ-ਜੀਵ ਵੀ ਮਿਲਦੇ ਨੇ !

**ਸੁਨੀਲ , ਸੁਨੀਤਾ , ਮੇਘਾ ਤੇ ਵਿਵੇਕ** : ਵਾਹ ਅਰੋੜਾ ਜੀ ! ਕਿੰਨਾ ਚੰਗਾ ਲੱਗਿਆ । ਧੰਨਵਾਦ ! ਹੁਣ ਅਸੀਂ ਚਲਦੇ ਹਾਂ !

**(ਦ੍ਰਿਸ਼ ਪਰਿਵਰਤਨ ਸੰਗੀਤ ਮੱਧਮ ਪੈਂਦਾ ਹੈ)**

**ਦ੍ਰਿਸ਼: 7**

**(ਸ਼ੁਰੂਆਤੀ ਸੰਗੀਤ.......................................................... ਮੱਧਮ ਪੈਂਦਾ ਹੈ)**

**ਸਥਾਨ: ਰੇਲਵੇ ਸ਼ਟੇਸਨ**

**(ਮੇਘਾ, ਵਿਵੇਕ, ਸੁਨੀਲ ਅਤੇ ਸੁਨੀਤਾ ਵਾਪਸ ਆ ਰਹੇ ਹਨ।)**

**ਮੇਘਾ:** ਵਿਵੇਕ, ਅੰਦਰ ਜਾਹ, ਟ੍ਰੇਨ ਚੱਲਣ ਵਾਲੀ ਹੈ।

**(ਟ੍ਰੇਨ ਦੀ ਸੀਟੀ, ਟ੍ਰੇਨ ਚੱਲਣ ਦੀ ਆਵਾਜ਼ ਹੌਲੀ-ਹੌਲੀ ਪਿਠ-ਭੂਮੀ ਵਿਚ ਚਲੀ ਜਾਂਦੀ ਹੈ।)**

**ਵਿਵੇਕ:** ਪਾਪਾ, ਅਸੀਂ ਲਖਨਊ ਕਦ ਪਹੁੰਚਾਂਗੇ ? ਮੈਂ ਤਾਂ ਬੈਠਾ - ਬੈਠਾ ਅੱਕ ਗਿਆ।

**(ਇਕ ਵਿਅਕਤੀ ਡੱਬੇ ਵਿੱਚ ਆਉਂਦਾ ਹੈ ਤੇ ਪੁੱਛਦਾ ਹੈ।)**

**ਵਿਅਕਤੀ**: ਇਸ ਸੀਟ 'ਤੇ ਕੋਈ ਬੈਠਾ ਹੈ?

**ਸੁਨੀਲ:** ਕੋਈ ਨਹੀਂ, ਤੁਸੀਂ ਬੈਠੋ।

**ਵਿਅਕਤੀ:** ਧੰਨਵਾਦ ! ਮੈਂ ਤਾਂ ਲਖਨਊ ਤੱਕ ਹੀ ਜਾਣਾ ਹੈ !

**ਸੁਨੀਲ:** ਅੱਛਾ ਜੀ ! ਕੀ ਤੁਸੀਂ ਲਖਨਊ ਹੀ ਰਹਿੰਦੇ ਹੋ ਜਾ ਉਥੇ ਕਿਸੇ ਕੰਮ ਕਾਰ ਵਾਸਤੇ ਜਾ ਰਹੇ ਹੋ ?

**ਵਿਅਕਤੀ:** ਮੈਂ ਉਥੇ ਯੂਨੀਵਰਸਿਟੀ ਵਿਚ ਭੂਗੋਲ ਦਾ ਪ੍ਰੋਫ਼ੈਸਰ ਹਾਂ, ਰਾਜੇਸ਼ ਸ਼ਰਮਾ।

**ਸੁਨੀਲ:** ਤੇ ਮੈਂ ਸੁਨੀਲ। ਇਹ ਮੇਘਾ, ਇਹ ਵਿਵੇਕ ਅਤੇ ਇਹ ਮੇਰੀ ਪਤਨੀ ਸੁਨੀਤਾ।

**(ਰੇਲਗੱਡੀ ਦੇ ਚੱਲਣ ਦੀ ਆਵਾਜ਼ ।)**

**ਰਾਜੇਸ਼**: ਕਾਫੀ ਪਹਿਲਾਂ ਤਾਂ ਰੇਲਗੱਡੀ ਦੇ ਸਫ਼ਰ ਸਮੇਂ ਦੂਰ-ਦੂਰ ਤੱਕ ਖੇਤ ਹੀ ਖੇਤ ਨਜ਼ਰ ਆਉਂਦੇ ਸਨ।

**ਸੁਨੀਲ** : ਹਾਂ ਜੀ ! ਲਹਿਰਾਉਂਦੇ ਖੇਤ ਤਾਂ ਗਾਇਬ ਹੀ ਹੋ ਗਏ ! ਵਸ ਗਈਆਂ ਕਿੰਨੀਆਂ ਹੀ ਬਸਤੀਆਂ !

**ਸੁਨੀਲ:** ਆਉਣ ਵਾਲੇ ਸਮੇਂ ਵਿਚ ਤਾਂ ਖਾਣ ਦੇ ਅੰਨ ਨੂੰ ਵੀ ਤਰਸਾਂਗੇ, ।

**ਰਾਜੇਸ਼**:ਹਾਂ! ਤਰਸਾਂਗੇ ਤਾਂ ਪਾਣੀ ਨੂੰ ਵੀ, 2025 ਤੱਕ ਲਗਭਗ 180 ਕਰੋੜ ਲੋਕਾਂ ਨੂੰ ਨਹੀਂ ਮਿਲੇਗਾ ਪੀਣ ਦਾ ਪਾਣੀ !

**ਮੇਘਾ:** ਮੀਂਹ ਦੇ ਪਾਣੀ ਨੂੰ ਸਾਂਭ ਕੇ ਭੂਮੀ ਹੇਠਲੇ ਪਾਣੀ ਦੇ ਪੱਧਰ ਨੂੰ ਕਿਉਂ ਨਹੀਂ ਵਧਾਉਂਦੇ ਅਸੀਂ ?

**ਵਿਵੇਕ:** ਭੂਮੀ ਦੇ ਅੰਦਰੋਂ ਤਾਂ ਸਾਨੂੰ ਰੋਜ਼ਾਨਾ ਵਰਤੋਂ ਦੀਆਂ ਬਹੁਤ ਸਾਰੀਆਂ ਚੀਜ਼ਾਂ ਮਿਲਦੀਆਂ ਨੇ, ਜਿਵੇਂ ਧਾਤਾਂ, ਕੋਲਾ ਅਤੇ ਬਹੁਤ ਸਾਰੇ ਖਣਿਜ।

**ਰਾਜੇਸ਼:** ਸਾਡੇ ਦੇਸ ਵਿੱਚ ਪ੍ਰਤੀ ਜੀਅ 16 ਕਿਲੋ ਖਣਿਜ ਰੋਜਾਨਾ ਧਰਤੀ ਵਿਚੋਂ ਕੱਢੇ ਜਾਂਦੇ ਹਨ ਤੇ ਵਿਕਸਿਤ ਦੇਸ਼ਾਂ ਵਿਚ ਤਾਂ ਇਹ ਮਾਤਰਾ ਸਾਢੇ ਤਿੰਨ ਗੁਣਾ, 57 ਕਿਲੋ ਪ੍ਰਤੀ ਦਿਨ ਹੈ !

**ਸੁਨੀਲ:** ਸਾਡੇ ਇੱਥੇ 4 ਕਿਸਮ ਦੇ ਬਾਲਣ, 3 ਪ੍ਰਕਾਰ ਦੇ ਕਿਰਣਾਹਟਯੁਕਤ, 26 ਪ੍ਰਕਾਰ ਦੇ ਧਾਤੂ/ਅਧਾਤੂ ਤੇ ਲਗਭਗ 55 ਪ੍ਰਕਾਰ ਦੇ ਉਸਾਰੀ ਨਾਲ ਜੁੜੇ ਖਣਿਜ, ਧਰਤੀ ਵਿਚੋਂ ਕੱਢੇ ਜਾਂਦੇ ਹਨ।

**ਮੇਘਾ**: ਇਸ ਤਰ੍ਹਾਂ ਤਾਂ ਖਣਿਜ ਇਕ ਦਿਨ ਖ਼ਤਮ ਹੋ ਜਾਣਗੇ।

**ਸੁਨੀਲ**: ਹਾਂ!ਤਰੱਕੀ ਦਾ ਪ੍ਰਤੀਕ ਮੰਨੇ ਜਾਂਦੇ ਅੰਧਾ-ਧੁੰਦ ਖਣਨ ਦਾ ਖ਼ਾਮਿਆਜਾ ਸਾਡੀ ਅਗਲੀ ਪੀੜ੍ਹੀ ਨੂੰ ਭੁਗਤਣਾ ਪਏਗਾ।

**ਰਾਜੇਸ਼**: ਚਰਮ ਸੀਮਾ ‘ਤੇ ਪਹੁੰਚਿਆ ਉਤਪਾਦਨ ਕੁਦਰਤ ਵਲੋਂ ਖ਼ਤਰੇ ਦੀ ਘੰਟੀ ਹੁੰਦਾ ਹੈ ! ਇਹ ਸੰਸਾਧਨ ਹਮੇਸ਼ਾ-ਹਮੇਸ਼ਾ ਦੇ ਲਈ ਖ਼ਤਮ ਹੋਣ ਵਾਲਾ ਹੁੰਦਾ ਹੈ।

**ਮੇਘਾ**: ਅੰਕਲ ! ਕਿਹੜੇ ਖਣਿਜ ਪਹੁੰਚ ਰਹੇ ਨੇ ਅਜਿਹੀ ਸੀਮਾ ਵਿੱਚ ?

**ਰਾਜੇਸ਼**: ਅਗਲੇ ਚਾਲੀ ਸਾਲ ਦੇ ਅੰਦਰ ਤਾਂਬਾ, ਐਲੂਮੀਨੀਅਮ, ਲੋਹਾ ਤੇ ਕੋਲਾ ਇਸ ਸਥਿਤੀ ਨੂੰ ਪਹੁੰਚਣ ਵਾਲੇ ਨੇ ।

**ਸੁਨੀਲ**: ਸਾਡੇ ਪੁਰਖਿਆਂ ਨੇ ਸਾਨੂੰ ਕਿੰਨੀ ਚੰਗੀ ਦੁਨੀਆ ਸੌਂਪੀ ਸੀ ਤੇ ਅਸੀਂ ਆਪਣੀ ਅਗਲੀ ਪੀੜ੍ਹੀ ਨੂੰ ਕਿੰਨੀ ਬੁਰੀ ਦੁਨੀਆ ਸੌਂਪਣ ਜਾ ਰਹੇ ਹਾਂ।

**ਰਾਜੇਸ਼**: ਹਾਂ ! ਕੁਦਰਤੀ ਸੰਸਾਧਨ ਤਾਂ ਆਉਣ ਵਾਲੀਆਂ ਪੀੜ੍ਹੀਆਂ ਦੀ "**ਅਮਾਨਤ**" ਹੈ।

ਮੇਘਾ: **"ਧਰਤੀ ਦੇ ਵਿੱਚ ਖਣਿਜ ਨੇ ਇੱਥੇ, ਉਪੱਰ ਨਦੀਆਂ, ਪਹਾੜ ਤੇ ਰੁਖਾਂ ਦਾ ਤਾਣਾ**

**ਵਿੱਚ ਵਿਰਾਸਤ ਮਿਲੇ ਅਸਾਂ ਨੂੰ, ਵਿੱਚ ਵਿਰਾਸਤ ਦੇ ਕੇ ਜਾਣਾ"**

**ਸਾਰੇ ਮਿਲ ਕੇ : ਅਮਾਨਤ ! ਅਮਾਨਤ ! ਅਮਾਨਤ ! ਅਮਾਨਤ ! ਅਮਾਨਤ ! ਅਮਾਨਤ !**

**(ਗੱਡੀ ਸਟੇਸ਼ਨ ਤੇ ਪਹੁੰਚਦੀ ਹੈ, ਰੇਲਵੇ ਸਟੇਸ਼ਨ 'ਤੇ ਐਲਾਨ ! ਸਮਾਨ ਵੇਚਣ ਵਾਲਿਆਂ ਦਾ ਸ਼ੋਰ......!)**

...............**ਸਮਾਪਤ**............

**ਪ੍ਰਸ਼ਨ – 1**: ਸਾਡੇ ਕੋਲ ਆਉਣ ਵਾਲੀਆਂ ਪੀੜ੍ਹੀਆਂ ਦੀ ਕਿਹੜੀ ਅਮਾਨਤ ਹੈ ?

**ਉਤਰ**: ਕੁਦਰਤੀ ਸੰਸਾਧਨ !

**ਪ੍ਰਸ਼ਨ – 2**: ਅਸੀਂ ਇਹ ਅਮਾਨਤ ਉਨ੍ਹਾਂ ਤੱਕ ਕਿਵੇਂ ਪਹੁੰਚਾ ਸਕਦੇ ਹਾਂ ?

**ਉਤਰ**: ਸਮਝਦਾਰੀ ਨਾਲ ਸੰਭਲ ਕੇ ਵਰਤੋਂ ਕਰਕੇ !